ਗੁਰਬਾਣੀ ਵਿੱਚ ਗੁਰੂ ਦਾ ਸੰਕਲਪ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਗੁਰ ਅਥਵਾ ਗੁਰੂ ਸੰਸਕ੍ਰਿਤ ਦੇ ਸ਼ਬਦ ਹਨ। ਗੁਰ ਦਾ ਅਰਥ ਹੈ ਜਤਨ ਕਰਨਾ, ਮਾਰਨਾ, ਉਭਾਰਨਾ, ਉੱਚਾ ਕਰਨਾ ਪ੍ਰੰਤੂ ਗੁਰੂ ਦੇ ਅਰਥ ਹਨ ਨਿਗਲਣਾ ਜਾਂ ਸਮਝਾਉਣਾ। ਜੋ ਅਗਿਆਨ ਨੂੰ ਨਿਗਲ ਜਾਂਦਾ ਹੈ, ਭਾਵ ਦੂਰ ਕਰਦਾ ਹੈ ਅਤੇ ਸਿੱਖ ਨੂੰ ਤੱਤ ਗਿਆਨ ਦੀ ਸੋਝੀ ਪਾਉਂਦਾ ਹੈ ਉਹ ਗੁਰੂ ਹੈ। ਗੁਰਬਾਣੀ ਵਿੱਚ ਗੁਰ, ਗੁਰੁ, ਗੁਰਾ, ਗੁਰਿ, ਗੁਰੂ ਸ਼ਬਦ ਥੋੜੇ ਵਿਆਕਰਣ ਭੇਦ ਸਹਿਤ ਸਮਾਨ ਅਰਥਾਂ ਵਿੱਚ ਆਏ ਹਨ। ਇਹ ਸਾਰੇ ਸੰਗਿਆ ਹਨ।

ਗੁਰੂ ਸ਼ਬਦ ਦੀ ਵਰਤੋਂ ਉਪਨਿਸ਼ਦ ਕਾਲ ਤੋਂ ਹੁੰਦੀ ਆਈ ਹੈ। ਗੁਰੂ ਦੇ ਆਮ ਅਰਥ ਹਨ ਧਰਮ ਰੱਖਿਅਕ, ਆਤਮ ਗਿਆਨ ਦੇਣ ਵਾਲਾ ਆਚਾਰੀਆ, ਕਿਸੇ ਮੱਤ ਦਾ ਸੰਚਾਲਕ, ਵੱਡਾ ਜਾਂ ਭਾਰੀ, ਪੂਜਣ ਯੋਗ ਤੇ ਸ੍ਰੇਸ਼ਟ ਬੁੱਧੀ ਵਾਲਾ। ਦੁਨਿਆਵੀ ਵਿੱਦਿਆ ਦਾਤਾ ਨੂੰ ਵੀ ਵਿੱਦਿਆ ਗੁਰੂ ਕਹਿ ਕੇ ਸਤਿਕਾਰਿਆ ਜਾਂਦਾ ਹੈ।

ਗੁਰਬਾਣੀ ਵਿੱਚ ਗੁਰੂ ਪਦ ਦੀ ਵਰਤੋਂ ਵਿਸ਼ੇਸ਼ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀ ਜੋਤਿ ਬਾਕੀ ਗੁਰੂ ਸਾਹਿਬਾਨ ਲਈ ਕੀਤੀ ਗਈ ਹੈ।ਕਿਧਰੇ ਕਿਧਰੇ ਇਹ ਪਦ ਅਕਾਲ ਪੁਰਖ ਵਾਹਿਗੁਰੂ ਲਈ ਵੀ ਵਰਤਿਆ ਗਿਆ ਹੈ।

ਗੁਰਬਾਣੀ ਵਿੱਚ ਅਧਿਆਤਮਕ ਮੰਜ਼ਿਲ ਵਲ ਵਧਣ, ਤਥਾ ਜੀਵਨ ਨੂੰ ਹਰ ਪੱਖੋਂ ਸੰਤੁਲਿਤ ਅਤੇ ਸੁਖੀ ਬਣਾਉਣ ਲਈ ਗੁਰੂ ਦੀ ਲੋੜ ਅਤੇ ਅਗਵਾਈ ਉੱਤੇ ਵੱਡਾ ਜ਼ੋਰ ਦਿੱਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਪੂਰਨ ਗੁਰੂ ਤੋਂ ਬਿਨਾਂ ਕਦੀ ਵੀ ਕਿਸੇ ਨੇ ਪ੍ਰਭੂ ਦੀ ਲੱਖਤਾ ਅਥਵਾ ਮੁਕਤੀ ਪ੍ਰਾਪਤ ਨਹੀਂ ਕੀਤੀ। ਵਾਹਿਗੁਰੂ ਅਕਾਲ ਪੁਰਖ ਸਤਿਗੁਰੂ ਦੇ ਰਿਦੇ ਵਿੱਚ ਵਿਸ਼ੇਸ਼ ਨਿਵਾਸ ਰੱਖਦਾ ਹੈ। ਉਸਦੇ ਪ੍ਰਕਾਸ਼ ਵਿੱਚ ਹੀ ਗੁਰੂ ਸਿੱਖ ਦੀ ਅਗਵਾਈ ਕਰਦਾ ਹੈ।

- ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥
ਜਗਜੀਵਨੁ ਦਾਤਾ ਪਾਇਆ॥ (੪੬੬)

- ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ॥ (੬੩੫)

- ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ॥ (੧੨੭੯)

- ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥ (੧੨੪)

- ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ॥ ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ॥ (੧੭)

- ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ॥ ਭਰਮਿ ਭੁਲਾਈਐ ਜਨਮਿ ਮਰਿ ਆਈਐ॥

ਜਮ ਦਰਿ ਬਾਧਉ ਮਰੈ ਬਿਕਾਰੁ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ॥ (੯੦੪)

ਤਨੋ ਮਨੋ ਸਤਿਗੁਰੂ ਦੀ ਸ਼ਰਨ ਆਏ ਬਗ਼ੈਰ ਪ੍ਰਭੂ ਦੀ ਪ੍ਰਾਪਤੀ, ਆਪਣੇ ਸਰੂਪ ਦੀ ਲੱਖਤਾ ਅਥਵਾ ਤੱਤ ਗਿਆਨ ਦਾ ਪ੍ਰਗਟਾਉ ਸੰਭਵ ਨਹੀਂ। ਤੱਤ ਗਿਆਨ ਤੋਂ ਬਿਨਾਂ ਮਨੁੱਖ ਸਦਾ ਭਰਮਾਂ ਵਿੱਚ ਭਟਕਦਾ, ਜੰਮਦਾ, ਮਰਦਾ ਅਤੇ ਜਮਾਂ ਦੀਆਂ ਚੋਟਾਂ ਸਹਾਰਦਾ ਹੈ। ਇਸਦੇ ਹਿਰਦੇ ਵਿੱਚ ਨਾ ਨਾਮ ਦਾ ਨਿਵਾਸ ਹੁੰਦਾ ਹੈ ਅਤੇ ਨਾ ਹੀ ਇਹ ਸੱਚੇ ਆਚਾਰ ਦਾ ਵਾਰਿਸ ਬਣ ਸਕਦਾ ਹੈ। ਪੰਚਮ ਪਿਤਾ ਇਸ ਨੁਕਤੇ ਨੂੰ ਸਪੱਸ਼ਟ ਕਰਦੇ ਫੁਰਮਾਉਂਦੇ ਹਨ:

- **ਮਤ ਕੋ ਭਰਮਿ ਭੁਲੈ ਸੰਸਾਰਿ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ॥ਰਹਾਉ॥**.....
  ਜਿਨਿ ਕੀਆ ਸੋ ਗੁਰ ਤੇ ਜਾਨਿਆ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ॥
  ਗੁਰੁ ਕਰਤਾ ਗੁਰੁ ਕਰਣੈ ਜੋਗੁ॥ ਗੁਰੁ ਪਰਮੇਸਰੁ ਹੈ ਭੀ ਹੋਗੁ॥
  ਕਹੁ ਨਾਨਕ ਪ੍ਰਭਿ ਇਹੈ ਜਨਾਈ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ॥ (੮੬੪)

ਮਨੁੱਖ ਦਾ ਮਨ ਬੜਾ ਚੰਚਲ ਅਤੇ ਅਵੈੜਾ ਹੈ। ਇਸ ਨੂੰ ਅਤੇ ਇਸਦੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦੂਤਾਂ ਦੀ ਫੌਜ ਨੂੰ ਵੱਸ ਕੀਤੇ ਬਗ਼ੈਰ ਸੁੱਖ ਅਤੇ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਇਨ੍ਹਾਂ ਨੂੰ ਵੱਸ ਕਰਨ ਲਈ ਗੁਰੂ ਦੀ ਹੀ ਸ਼ਰਨ ਲੈਣੀ ਪੈਂਦੀ ਹੈ। ਫੁਰਮਾਨ ਹੈ:

- **ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ॥ ਧਾਵਤ ਪੰਚ ਰਹੇ ਹਰਿ ਧਿਆਇਆ॥** (੧੬੫)

ਗੁਰੂ ਦੇ ਹੋਰ ਲੱਛਣ

ਗੁਰਬਾਣੀ ਵਿੱਚ ਜਿਸ ਗੁਰੂ ਦੀ ਇਤਨੀ ਵਡਿਆਈ ਕੀਤੀ ਗਈ ਹੈ, ਜਿਸਦੀ ਲੋੜ ਉੱਤੇ ਇੰਨ੍ਹਾਂ ਜ਼ੋਰ ਦਿੱਤਾ ਗਿਆ ਹੈ, ਉਹ ਗੁਰੂ ਕੈਸਾ ਹੈ? ਉਸਦੇ ਲੱਛਣ ਕੀ ਹਨ? ਉਸਦੀ ਪ੍ਰੀਭਾਸ਼ਾ ਕੀ ਹੋਈ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਗੁਰਬਾਣੀ ਦੀ ਰੌਸ਼ਨੀ ਵਿੱਚੋਂ ਭਾਲਣ ਦੀ ਕੋਸ਼ਿਸ਼ ਕਰੀਏ।

ਸਤਿਗੁਰੂ ਦੀ ਵੱਡੀ ਸਿਫ਼ਤ ਇਹ ਹੈ ਕਿ ਉਹ ਸਿੱਖ ਨੂੰ ਸੱਚ ਦ੍ਰਿੜ੍ਹਾਉਂਦਾ ਅਤੇ ਸੱਚੇ ਆਚਾਰ ਦਾ ਵਾਰਿਸ ਬਣਾਉਂਦਾ ਹੈ। ਉਹ ਕਿਸੇ ਇੱਕ ਸ਼੍ਰੇਣੀ, ਨਸਲ, ਕੁਲ ਜਾਂ ਦੇਸ਼ ਦਾ ਰਹਿਬਰ ਨਹੀਂ ਹੁੰਦਾ, ਸਗੋਂ ਰੰਗ, ਰੂਪ, ਜਾਤ, ਕੁਲ ਵਰਨ ਆਦਿ ਦੇ ਵਿਤਕਰੇ ਮਿਟਾ ਕੇ, ਸਦਾ ਇੱਕ ਸਮਾਨ ਪੂਰੀ ਖ਼ਲਕਤ ਨੂੰ ਪ੍ਰਕਾਸ਼ਦਾ ਅਤੇ ਸਦੀਵੀ ਸੁੱਖ ਦਿੰਦਾ ਹੈ। ਗੁਰੂ ਬਾਬੇ ਦਾ ਫੁਰਮਾਨ ਹੈ:

- **ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥** (੭੨)

- **ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ॥** (੫੯)

- **ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ। ਅਕਥੁ ਕਥਾਵੈ ਸਬਦਿ ਮਿਲਾਵੈ॥** (੬੮੬)

ਸੰਸਾਰ ਵਿੱਚ ਹਰ ਅਸਲ ਦੀ ਨਕਲ ਤੁਰ ਪੈਂਦੀ ਹੈ। ਜਿਤਨੀ ਕੋਈ ਸ਼ੈਅ ਵਧੇਰੇ ਕੀਮਤੀ ਅਤੇ ਦੁਰਲੱਭ ਹੋਵੇਗੀ, ਉਤਨੀ ਹੀ ਉਸਦੀ ਨਕਲ ਵੀ ਵਧੇਰੇ ਵੱਜੇਗੀ। ਇਹੀ ਕਾਰਨ ਹੈ ਕਿ ਕਲਿਆਣਕਾਰੀ ਦਾਤਾ, ਅਗਿਆਨ ਵਿਨਾਸ਼ਕ, ਗਿਆਨ ਪ੍ਰਕਾਸ਼ਕ, ਸਤਿ ਉਪਦੇਸ਼ਟਾ, ਪਰਉਪਕਾਰੀ ਅਤੇ ਸੇਵਕਾਂ ਦੇ ਹਿੱਤਾਂ ਲਈ ਤੱਤਪਰ ਰਹਿਣ ਵਾਲੇ ਸਤਿਗੁਰਾਂ ਦੇ ਨਾਲ ਨਾਲ, ਮਨੁੱਖ ਦੀ ਸ਼ਰਧਾ ਅਤੇ ਸਾਦਗੀ ਤੋਂ ਅਯੋਗ ਲਾਭ ਉਠਾਉਣ ਵਾਲੇ ਨਕਲੀ, ਲੋਭੀ, ਸੁਆਰਥੀ ਅਤੇ ਦੰਭੀ ਗੁਰੂਆਂ ਦੀ ਵੀ ਭਰਮਾਰ ਹੈ। ਸੋ ਜਗਿਆਸੂ ਦੀ ਅਗਵਾਈ ਲਈ ਗੁਰਬਾਣੀ ਵਿੱਚ ਅਸਲੀ ਤੇ ਨਕਲੀ ਗੁਰੂ ਦੇ ਲੱਛਣ, ਗੁਣ ਅਤੇ ਕਰਤੱਵ ਆਦਿ ਅੰਕਿਤ ਕਰਨ ਦਾ ਉਪਕਾਰ ਗੁਰੂ ਸਾਹਿਬਾਨ ਵੱਲੋਂ ਕੀਤਾ ਗਿਆ ਹੈ।

ਪੂਰਨ ਗੁਰੂ

ਸਤਿਗੁਰੂ ਦਾ ਪਹਿਲਾ ਤੇ ਵੱਡਾ ਲੱਛਣ ਇਹ ਹੈ ਕਿ ਉਸਨੂੰ ਆਪ ਨਿਰੰਕਾਰ ਦੀ ਸੋਝੀ ਹੋਵੇ ਅਤੇ ਉਹ ਸਦਾ ਵਾਹਿਗੁਰੂ ਨਾਲ ਅਭੇਦ ਤੇ ਇਕਸੁਰ ਵਰਤੇ। ਐਸੇ ਗੁਰੂ ਦੀ ਸੰਗਤ ਵਿੱਚ ਸਿੱਖ ਨਾਮ ਜਪਦਾ, ਮੋਹ ਨੂੰ ਮਾਰਦਾ, ਹਰੀ ਦੇ ਗੁਣ ਗਾਉਂਦਾ, ਦੁਬਿਧਾ ਦੂਰ ਕਰਦਾ ਅਤੇ ਅਨੰਦਤ ਹੁੰਦਾ ਹੈ। ਗੁਰਵਾਕ ਹਨ:

- ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
  ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ (੨੮੬)

- ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥
  ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥ (੧੬੮)

- ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥ (੧੨੬੪)

- ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥ (੨੮੭)

- ਭਾਈ ਰੇ ਹਰਿ ਹੀਰਾ ਗੁਰ ਮਾਹਿ॥ (੨੨)

- ਸਤਿਗੁਰੁ ਮਿਲਿਆ ਜਾਣੀਐ॥ ਜਿਤੁ ਮਿਲਿਐ ਨਾਮੁ ਵਖਾਣੀਐ॥ (੭੨)

- ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥ (੧੩੭੪)

ਸ੍ਰੀ ਗੁਰੂ ਰਾਮਦਾਸ ਜੀ ਸਤਿਗੁਰੂ ਦੀ ਬਹੁਪੱਖੀ ਅਥਵਾ ਗੁਣੀ ਨਿਧਾਨ ਸਖ਼ਸ਼ੀਅਤ ਦੀ ਸਿਫ਼ਤ ਸਲਾਹ ਕਰਦੇ ਹੋਏ ਉਸਦੇ ਕੁਝ ਵਿਸ਼ੇਸ਼ ਗੁਣਾਂ ਦਾ ਵੇਰਵਾ ਇਉਂ ਦਿੰਦੇ ਹਨ ਤਾਂ ਕਿ ਸਿੱਖ ਦੰਭੀ ਤੇ ਪਾਖੰਡੀ ਗੁਰੂਆਂ ਦੀ ਮਾਰ ਤੋਂ ਬਚ ਸਕੇ ਅਤੇ ਉਨ੍ਹਾਂ ਦੇ ਢਹੇ ਚੜ੍ਹਕੇ ਦੁਰਲੱਭ ਜਨਮ ਭੰਗ ਦੇ ਭਾੜੇ ਨਾ ਗਵਾਏ:

- ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ॥
  ਜਿਤੁ ਮਿਲਿਐ ਤਿਖ ਉਤਰੈ ਤਨੁ ਮਨ ਸੀਤਲੁ ਹੋਇ॥
  ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ॥
  ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ॥
  ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ॥
  ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ॥
  ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥
  ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ॥ (੧੪੨੧)

ਭਾਈ ਗੁਰਦਾਸ ਜੀ ਦਾ ਕਥਨ ਹੈ:

- ਸਤਿਗੁਰ ਗੁਣੀ ਨਿਧਾਨ ਹੈ ਗੁਣ ਕਰਿ ਬਖਸੈ ਅਵਗੁਣਿਆਰੇ॥
  ਸਤਿਗੁਰ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ॥
  ਸੁਖ ਸਾਗਰੁ ਗੁਰਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ॥
  ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ॥
  ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ॥
  ਸਤਿਗੁਰ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ॥
  ਸਤਿਗੁਰ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ॥

ਮਾਣੁ ਨਿਮਾਣੇ ਸਦ ਬਲਿਹਾਰੇ॥ (ਵਾਰ ੨੬ ਪਉੜੀ ੧੯)

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਐਸੇ ਗੁਣਾਂ ਵਾਲਾ ਗੁਰੂ ਪ੍ਰਾਪਤ ਕਿਵੇਂ ਹੋਵੇ? ਗੁਰਬਾਣੀ ਇਸ ਦਾ ਉੱਤਰ ਦਿੰਦੀ ਹੈ:

- ਭਾਈ ਰੇ ਸੰਤ ਜਨਾ ਕੀ ਰੇਣੁ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥ (੧੮)

- ਭਾਈ ਰੇ ਹਰਿ ਹੀਰਾ ਗੁਰ ਮਾਹਿ॥ ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ॥ (੨੨)

ਸਿਧਾਂਤ ਇਹ ਹੈ ਕਿ ਸੰਗਤ ਵਿੱਚੋਂ ਗੁਰੂ ਦੀ ਪ੍ਰਾਪਤੀ ਹੁੰਦੀ ਹੈ ਅਥਵਾ ਸੋਝੀ ਪੈਂਦੀ ਹੈ ਅਤੇ ਜਿੱਥੇ ਗੁਰੂ ਹੈ ਉਥੇ ਹੀ ਸਤਿਸੰਗ ਹੈ। ਗੁਰਵਾਕ ਹੈ:

- ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥ ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ॥ (੧੬੦)

ਸਤਿਗੁਰੂ, ਅਕਾਲਪੁਰਖ ਵਾਹਿਗੁਰੂ ਨਾਲ ਅਭੇਦ ਤੇ ਉਸਦਾ ਸਰੂਪ ਹੋਣ ਕਰਕੇ ਵਾਸਤਵ ਵਿੱਚ ਉਨ੍ਹਾਂ ਸਾਰੇ ਗੁਣਾਂ ਦਾ ਹੀ ਧਾਰਨੀ ਹੁੰਦਾ ਹੈ ਜੋ ਈਸ਼ਵਰ ਦੇ ਕਾਦਰ ਹੋਣ ਦੇ ਨਾਤੇ ਕੁਦਰਤ ਨਾਲ ਵਾਬਸਤਾ ਹੋ ਸਕਦੇ ਹਨ। ਇਸ ਵਿਚਾਰ ਦੀ ਪੁਸ਼ਟੀ ਲਈ ਗੁਰਬਾਣੀ ਦੇ ਕੁਝ ਪ੍ਰਮਾਣ ਲਾਭਦਾਇਕ ਹੋ ਸਕਦੇ ਹਨ:

- ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥
  ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥
  ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥ (੮੬੪)

- ਗੁਰੁ ਪਰਮੇਸਰੁ ਗੁਰੁ ਗੋਵਿੰਦੁ॥ ਗੁਰੁ ਦਾਤਾ ਦਇਆਲ ਬਖਸਿੰਦੁ॥ (੮੯੭)

- ਗੁਰੁ ਪਰਮੇਸਰੁ ਗੁਰੁ ਗੋਬਿੰਦੁ॥ ਗੁਰੁ ਕਰਤਾ ਗੁਰੁ ਸਦ ਬਖਸੰਦੁ॥ (੧੦੮੦)

- ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਵਿੰਦ ਰੂਪ॥ (੧੧੯੨)

- ਗੁਰੁ ਕਰਤਾ ਗੁਰੁ ਕਰਣੈ ਜੋਗੁ॥ ਗੁਰੁ ਪਰਮੇਸਰੁ ਹੈ ਭੀ ਹੋਗੁ॥ (੮੬੪)

ਗੁਰੂ ਤੀਰਥ

ਜਿਵੇਂ ਗੁਰਬਾਣੀ ਨੇ ਨਾਮ ਨੂੰ ਹੀ ਤੀਰਥ ਮੰਨਿਆ ਹੈ, ਉਸੇ ਤਰ੍ਹਾਂ ਨਾਮ ਦੇ ਦਾਤੇ ਸਤਿਗੁਰੂ ਅਤੇ ਉਨ੍ਹਾਂ ਦੀ ਰੱਬੀ ਬਾਣੀ ਨੂੰ ਵੀ ਗੁਰ ਤੀਰਥ ਕਰਕੇ ਪ੍ਰਵਾਣਿਆ ਗਿਆ ਹੈ:

- ਗੁਰ ਸਮਾਨਿ ਤੀਰਥੁ ਨਹੀ ਕੋਇ॥ ਸਰੁ ਸੰਤੋਖੁ ਤਾਸੁ ਗੁਰੁ ਹੋਇ॥ (੧੩੨੮)

- ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥ (੧੪੦)

- ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥ (੪੯੩)

- ਸਤਿਗੁਰ ਤੀਰਥੁ ਜਾਣੀਐ ਅਠਸਠਿ ਤੀਰਥ ਸਰਣੀ ਆਏ॥ (ਭਾ: ਗੁਰਦਾਸ ਵਾਰ ੧੫, ਪਉੜੀ ੨)

ਸਤਿਗੁਰੂ ਦਾ ਸਿੱਖ ਨਾਲ ਪਿਆਰ ਤੇ ਸਿੱਖ ਦਾ ਕਰਤੱਵ

– ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ॥ (੧੬੮)

– ਮਾਤਾ ਪ੍ਰੀਤਿ ਕਰੇ ਪੁਤੁ ਖਾਇ॥ ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥ (੧੬੪)

– ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥ (੩੧੭)

– ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥
ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖੁ ਵਡਭਾਗੀ ਹੇ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥ (੨੮੬)

ਭਾਈ ਗੁਰਦਾਸ ਜੀ ਸਤਿਗੁਰੂ ਦੀ ਸਿੱਖ ਲਈ ਇਸ ਤੜਪ ਤੇ ਤਾਂਘ ਦੇ ਗੁਣ ਨੂੰ ਇਉਂ ਵਰਣਨ ਕਰਦੇ ਹਨ:

– ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ ਸਿਮਰਨ ਤਾਂਹਿ ਬਾਰੰਬਾਰ ਗੁਰ ਹੇਤ ਹੈ॥
ਭਾਵਨੀ ਭਗਤਿ ਭਾਇ ਕੁੰਡੀ ਅਗ੍ਰਭਾਗ ਰਾਖੈ ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ॥
ਸਤਿਗੁਰੁ ਦਯਾ ਨਿਧਿ ਮਹਿਮਾ ਅਗਾਧਿ ਬੋਧ ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥ (ਕਬਿਤ ੧੧੧)

ਗੁਰਸਿੱਖਾਂ ਵਾਲੇ ਵਿਸ਼ੇਸ਼ ਚਾਲ ਚਲ੍ਹਣ ਦੀ ਜ਼ਿੰਮੇਵਾਰੀ ਆਇਦ ਹੁੰਦੀ ਹੈ। ਸੰਖੇਪ ਵਿੱਚ ਇਹ ਚਲ੍ਹਣ ਇਉਂ ਹੋਵੇਗਾ:

– ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ (੨੮੬)

ਗਿਆਨੀ ਗੁਰੂ ਨਿਰਵੈਰ ਅਤੇ ਨਿਰਭਉ

ਜੋ ਨਿਰਭਉ ਹੈ ਉਹ ਨਿਰਵੈਰ ਹੋਵੇਗਾ ਅਤੇ ਜੋ ਨਿਰਵੈਰ ਹੈ ਉਹੀ ਭੈਅ ਰਹਿਤ ਹੋ ਸਕੇਗਾ। ਜਦ ਗੁਰੂ ਨਿਰਭਉ ਤੇ ਨਿਰਵੈਰ ਅਕਾਲ ਪੁਰਖ ਵਾਹਿਗੁਰੂ ਨਾਲ ਅਭੇਦ ਹੈ ਤਾਂ ਕੁਦਰਤੀ ਤੌਰ 'ਤੇ ''ਨਿਰਭਉ ਜਪੈ ਸਗਲ ਭਉ ਮਿਟੈ'' ਦੇ ਗੁਰਵਾਕ ਅਨੁਸਾਰ ਉਹ ਭੈਅ ਰਹਿਤ ਤੇ ਵੈਰ ਰਹਿਤ ਹੋਵੇਗਾ। ਗੁਰਬਾਣੀ ਦੇ ਕੁਝ ਫੁਰਮਾਨ ਇਸ ਤਰ੍ਹਾਂ ਹਨ:

– ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥(੧੪੨੭)

– ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ॥ (੯੬੦)

– ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ॥ (ਭਾ: ਗੁਰਦਾਸ ਵਾਰ ੨੬, ਪਉੜੀ ੧੯)

ਗੁਰਬਾਣੀ ਅੰਦਰ ਗੁਰੂ ਨੂੰ ਅਨੇਕਾਂ ਵਿਸ਼ੇਸ਼ਣਾਂ ਨਾਲ ਸੁਸ਼ੋਭਿਤ ਕੀਤਾ ਗਿਆ ਹੈ, ਉਨ੍ਹਾਂ ਵਿੱਚੋਂ ਕੁਝ ਕੁ ਇਸ਼ਾਰੇ ਮਾਤ੍ਰ ਹੇਠਾਂ ਦਰਜ ਹਨ:

ਗੁਰੂ ਦਾਤਾ, ਦੇਵ, ਦੀਪਕ, ਸ਼ਰਨ ਤੇ ਧੰਨਵਾਦ ਯੋਗ, ਗੁਰੂ ਪਾਂਧਾ, ਗੁਰੂ ਪਾਰਸ, ਗੁਰੂ ਮਹਾਵਤ, ਬਖਸ਼ਿੰਦ, ਮਾਨ ਸਰੋਵਰ, ਵਿਚੋਲਾ ਤੇ ਵੈਦ, ਸਮੁੰਦਰ, ਸਾਗਰ, ਸਰਾਫ਼, ਸ਼ਾਹ, ਸੂਰਵੀਰ, ਖੇਵਟ, ਬੋਹਿਥ ਅਤੇ ਵਾਹਿਗੁਰੂ ਦੇ ਨਾਮ ਬਖਸ਼ਿਸ਼ਾਂ ਅਤੇ ਭੰਡਾਰਿਆਂ ਦਾ ਕੁੰਜੀ ਬਰਦਾਰ ਹੈ।

ਇਨ੍ਹਾਂ ਵਿਸ਼ੇਸ਼ਣਾਂ ਵਾਲੀਆਂ ਗੁਰੂ ਪੰਗਤੀਆਂ ਦੇ ਪ੍ਰਮਾਣ ਇੰਜ ਹਨ:

- ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥ (੧੩੭)

- ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥(੫੨੨)

- ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ॥ (੪੩੦)

- ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥ (੧੬੮)

- ਸਤਿਗੁਰੁ ਮਹਾ ਪੁਰਖੁ ਹੈ ਪਾਰਸੁ ਜੋ ਲਾਗੈ ਸੋ ਫਲੁ ਪਾਵੈਗੋ॥
  ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ ਗੁਰੁ ਸੇਵਕ ਪੈਜ ਰਖਾਵੈਗੋ॥ (੧੩੧੧)

- ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ॥
  ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥ (੫੧੬)

- ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥
  ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥ (੮੫੫)

- ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ॥ (੭੫੭)

- ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥ ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥ (੯੫੭)

- ਮੇਰਾ ਬੈਦੁ ਗੁਰੂ ਗੋਵਿੰਦਾ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ॥ (੬੧੮)

- ਸੇਵਹੁ ਸਤਿਗੁਰ ਸਮੁੰਦੁ ਅਥਾਹਾ॥ ਪਾਵਹੁ ਨਾਮੁ ਰਤਨੁ ਧਨੁ ਲਾਹਾ॥ (੧੦੪੩)

- ਗੁਰੁ ਸਾਗਰੁ ਰਤਨੀ ਭਰਪੂਰੇ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥ (੬੮੫)

- ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ॥ (੪੪੯)

- ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ॥ (੪੫੪)

- ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ॥ (੫੫੨)

- ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
  ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ (੧੨੩੭)

- ਗੁਰ ਜੈਸਾ ਨਾਹੀ ਕੋ ਦੇਵ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥ (੧੧੪੨)

– ਗੁਰ ਕਾ ਸਬਦੁ ਨ ਮੇਟੈ ਕੋਇ॥ ਗੁਰੁ ਨਾਨਕੁ ਨਾਨਕੁ ਹਰਿ ਸੋਇ॥ (੮੬੪)

– ਸਾਚੇ ਗੁਰ ਕੀ ਸਾਚੀ ਸੀਖ॥ ਤਨੁ ਮਨੁ ਸੀਤਲੁ ਸਾਚੁ ਪਰੀਖ॥ (੧੫੨)

– ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ॥ (੮੩੧)

– ਸਤਿਗੁਰ ਬਾਝਹੁ ਸੰਗਤਿ ਨ ਹੋਈ॥ (੧੦੬੮)

– ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥ (੪੪੪)

ਗੁਰੂ ਦੀ ਸੇਵਾ

ਗੁਰਬਾਣੀ ਵਿੱਚ ਸਿੱਖ ਨੂੰ ਸੇਵਕ ਦੱਸ ਕੇ ਗੁਰੂ ਦੀ ਸੇਵਾ ਵਿੱਚ ਤੱਤਪਰ ਰਹਿਣ ਉੱਤੇ ਬੜਾ ਜ਼ੋਰ ਦਿੱਤਾ ਗਿਆ ਹੈ ਅਤੇ ਨਾਲ ਹੀ ਇਹ ਸੇਵਾ ਡਾਢੀ ਬਿਖਮ ਕਰਕੇ ਵੀ ਬਿਆਨੀ ਗਈ ਹੈ। ਬਿਖਮ ਇਸ ਲਈ ਕਿ ਇਹ ਸੇਵਾ ਕੇਵਲ ਤਨ ਦੀ ਕਾਰ ਹੀ ਨਹੀਂ ਸਗੋਂ ਸਿੱਖ ਦੀ ਗੁਰੂ ਨਾਲ ਸ਼ਬਦ ਦੁਆਰਾ ਮਿਲਣੀ ਅਤੇ ਉਸਦੇ ਹੁਕਮ, ਭਾਣੇ ਵਿੱਚ ਚਲਣਾ ਤੇ ਭਗਤੀ ਵਿੱਚ ਤੱਤਪਰ ਰਹਿਣਾ ਹੈ। ਉਪਰੰਤ ਨਾਮ ਵਿੱਚ ਪ੍ਰਵਿਰਤ ਹੋਣ ਤੇ ਸ਼ਬਦ ਵਿਚਾਰ ਨੂੰ ਗੁਰੂ ਦਾ ਹੁਕਮ ਕਰਕੇ ਮੰਨਣਾ ਹੈ। ਇਸ ਸੰਬੰਧ ਵਿੱਚ ਅਗਲੇ ਪ੍ਰਮਾਣ ਵਾਚਣ ਯੋਗ ਹਨ:

– ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥ (੨੭)

– ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥ (੧੨੪੭)

– ਮਨ ਰੇ ਗੁਰ ਕੀ ਕਾਰ ਕਮਾਇ॥ ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ॥ (੬੬)

– ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ॥ (੬੬)

– ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥ (੩੧੪)

– ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ॥ (੪੩੨)

– ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ॥
ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ॥ (੪੯੦)

– ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ॥ (੩੦੪)

– ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥ (੨੨੩)

– ਗੁਰ ਕੀ ਸੇਵਾ ਖਰੀ ਸੁਖਾਲੀ ਜਿਸ ਨੋ ਆਪਿ ਕਰਾਏ॥ (੨੪੬)

ਸ਼ਬਦ ਗੁਰੂ

ਦੇਹਧਾਰੀ ਗੁਰੂ ਨੂੰ ਮੰਨਣ ਵਾਲੇ ਇਹ ਕਿਉਂ ਭੁੱਲ ਜਾਂਦੇ ਹਨ ਕਿ:

੧. ਸੱਚ ਦੀ ਬਾਣੀ ਪ੍ਰਗਟ ਕਰਨ ਵਾਲਾ ਗੁਰੂ ਹੈ, ਉਸ ਦੇ ਅਰਥ ਕਰਨ ਵਾਲਾ ਉਸ ਤੁੱਲ ਕਿਵੇਂ ਹੋ ਸਕਦਾ ਹੈ?

੨. ਜੀਵਨ ਦਾ ਪ੍ਰਭਾਵ ਅਥਵਾ ਸਾਂਝ ਗੁਣਾਂ ਕਰਕੇ ਹੁੰਦੀ ਹੈ ਅਤੇ ਨਿਭਦੀ ਹੈ। ਦੇਹਾਂ ਬਿਨਸਦੀਆਂ ਰਹਿੰਦੀਆਂ ਹਨ ਤੇ ਰੂਪ ਢਲ ਜਾਂਦਾ ਹੈ।

੩. ਦੇਹਧਾਰੀ ਗੁਰੂ ਨੂੰ ਵੀ ਆਖਰ ਆਸਰਾ ਬੋਲ ਅਥਵਾ ਬਾਣੀ ਦਾ ਹੀ ਲੈਣਾ ਪੈਂਦਾ ਹੈ। ਇਸ ਤੋਂ ਬਿਨਾਂ ਉਹ ਆਪਣੇ ਵਿਚਾਰ ਹਰ ਇੱਕ ਸੇਵਕ ਪਾਸ ਨਹੀਂ ਪਹੁੰਚਾ ਸਕਦਾ ਅਤੇ ਨਾ ਹੀ ਉਹ ਸਥਿਰ ਰਹਿ ਸਕਦੇ ਹਨ।

੪. ਗੁਰਬਾਣੀ ਉਨ੍ਹਾਂ ਪੂੰਗੇ ਹੋਏ ਮਹਾਂਪੁਰਖਾਂ ਦੀ ਰਚਨਾ ਹੈ, ਜਿੰਨ੍ਹਾਂ ਨੇ ਸੱਚ ਨੂੰ ਹਿਰਦੇ ਤੋਂ ਮੰਨ ਕੇ ਅਮਲੀ ਜੀਵਨ ਵਿੱਚ ਵਰਤਾਅ ਵਿਖਾਇਆ।

੫. ਦਸਾਂ ਸਤਿਗੁਰਾਂ ਦਾ ਇੱਕ ਜੋਤਿ ਤੇ ਜੁਗਤ ਵਿੱਚ ਵਰਤਣ ਦਾ ਸਿਧਾਂਤ ਵੀ ਤਾਂ ਹੀ ਸਿੱਧ ਹੁੰਦਾ ਹੈ ਜੇਕਰ "ਸ਼ਬਦ" ਨੂੰ ਗੁਰੂ ਕਰਕੇ ਮੰਨਿਆ ਜਾਵੇ।

੬. ਦੇਹਧਾਰੀ ਨੂੰ ਵੀ ਗੁਰੂ ਮੰਨਣ ਵਾਲਿਆਂ ਨੂੰ ਇਹ ਸਵੀਕਾਰਨਾ ਪਵੇਗਾ ਕਿ ਜਦ ਕਿਸੇ ਦੇਹਧਾਰੀ ਗੁਰੂ ਦੀ ਦੇਹ ਬਿਨਸ ਜਾਂਦੀ ਹੈ ਤਾਂ ਉਸ ਦਾ ਉਪਦੇਸ਼ ਵੀ ਉਸਦੇ ਨਾਲ ਹੀ ਖ਼ਤਮ ਹੋ ਜਾਂਦਾ ਹੈ। ਦੇਹ ਨੂੰ ਪ੍ਰਧਾਨਤਾ ਦੇਣ ਨਾਲ ਸੰਸਾਰ ਦੇ ਧਰਮ ਗ੍ਰੰਥਾਂ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ।

੭. ਅਸਲ ਗੱਲ ਇਹ ਹੈ ਕਿ ਗੁਰੂ ਤੇ ਸਿੱਖ ਦਾ ਆਪਸ ਵਿੱਚ ਮੇਲ ਗੁਰ ਸ਼ਬਦ ਅਤੇ ਆਤਮ ਵਿਚਾਰ ਦੁਆਰਾ ਹੀ ਸੰਪੂਰਨ ਹੁੰਦਾ ਹੈ। ਕੇਵਲ ਦੋਹਾਂ ਦਾ ਮੇਲ ਨਾ ਹੀ ਨਿਭਦਾ ਅਤੇ ਨਾ ਹੀ ਹਰ ਸਮੇਂ ਹਰੇਕ ਲਈ ਸੰਭਵ ਵੀ ਹੈ। ਸ਼ਬਦ ਦੁਆਰਾ ਹੀ ਸਤਿਗੁਰੂ ਆਪਣਾ ਤਜ਼ਰਬਾ ਸਿੱਖ ਉੱਤੇ ਪ੍ਰਗਟ ਕਰਦਾ ਹੈ, ਜੋ ਉਸ ਲਈ ਮਾਰਗ ਦਰਸ਼ਕ ਹੁੰਦਾ ਹੈ:

- ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥ (੫੯੪)

੮. ਹਕੀਕਤ ਇਹ ਹੈ ਕਿ ਗੁਰੂ ਦੀ ਬਾਣੀ ਅਥਵਾ ਗੁਰਸ਼ਬਦ ਹੀ ਅਮਰ ਗੁਰੂ ਦੀ ਆਤਮ ਜੋਤਿ ਹੈ। ਇਹ ਸਿਧਾਂਤ ਕਿਸੇ ਨਾ ਕਿਸੇ ਸ਼ਕਲ ਵਿੱਚ ਤੇ ਕਿਸੇ ਹੱਦ ਤੱਕ ਪ੍ਰਾਚੀਨ ਮੱਤਾਂ ਨੇ ਵੀ ਅਪਨਾਇਆ ਹੈ।

੯. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਸੁਰਤਿ ਦੇ ਮੇਲ ਦਾ ਸਿਧਾਂਤ "ਸਿਧ ਗੋਸ਼ਿਟ" ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਸਿੱਧ ਪੁੱਛਦੇ ਹਨ ਕਿ ਹੇ ਨਾਨਕ! ਹੁਣ ਕਿਹੜੇ ਮੱਤ ਦਾ ਵੇਲਾ ਹੈ ਅਤੇ ਤੁਹਾਡਾ ਗੁਰੂ ਕੌਣ ਹੈ?

- ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥
ਏਸੁ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥ (੯੪੨)

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦਾ ਉੱਤਰ ਇਉਂ ਦਿੰਦੇ ਹਨ:

- ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥ (੯੪੩)

ਸਤਿਗੁਰਾਂ ਨੇ ਏਥੇ ਸਪੱਸ਼ਟ ਕਰ ਦਿੱਤਾ ਹੈ ਕਿ ਸਵਾਸਾਂ ਤੋਂ ਜੀਵਨ ਅਰੰਭ ਹੁੰਦਾ ਹੈ ਅਤੇ ਇਹ ਸਤਿਗੁਰੂ ਦੇ ਦੱਸੇ ਮਤ ਦਾ ਵੇਲਾ ਹੈ। ਸ਼ਬਦ ਗੁਰੂ ਹੈ ਅਤੇ ਮੈਂ ਉਸ ਦਾ ਚੇਲਾ ਹਾਂ। ਮੈਂ ਸ਼ਬਦ ਦੀ ਧੁਨੀ ਵਿੱਚ ਸੁਰਤ ਨੂੰ ਟਿਕਾਇਆ ਹੈ। ਵਾਹਿਗੁਰੂ ਦਾ ਧਿਆਨ ਮਨ ਵਿੱਚ ਧਾਰ ਕੇ ਮੈਂ ਸੰਸਾਰ ਤੋਂ ਅਲੇਪ ਰਹਿੰਦਾ ਹਾਂ ਅਤੇ ਜੁੱਗੋ ਜੁੱਗ ਇੱਕ ਅਕਾਲ ਪੁਰਖ ਵਾਹਿਗੁਰੂ ਹੀ ਮੇਰਾ ਗੁਰੂ ਹੈ। ਜਿਸ ਨੇ ਵਾਹਿਗੁਰੂ ਦੇ ਨਾਮ ਦੀ ਕਥਾ ਦਾ ਵਿਚਾਰ ਕੀਤਾ ਹੈ, ਉਸਦੀ ਹਉਮੈ ਗੁਰੂ ਨੇ ਸ਼ਬਦ ਦੁਆਰਾ ਦੂਰ ਕਰ ਦਿੱਤੀ ਹੈ।

੧੦. ਏਥੇ, ਇਹ ਗੱਲ ਵੀ ਸਾਫ਼ ਹੋ ਜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਗੁਰੂ ਸ਼ਬਦ ਅਥਵਾ ਅਕਾਲ ਪੁਰਖ ਵਾਹਿਗੁਰੂ ਹੀ ਸੀ। ਇਸ ਹਕੀਕਤ ਨੂੰ ਗੁਰਬਾਣੀ ਇਉਂ ਸਪੱਸ਼ਟ ਕਰਦੀ ਹੈ:

- **ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥**
  ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (੫੯੯)

- **ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ॥ (੧੦੪੩)**

- **ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ (੭੫੯)**

੧੧. ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਦਿ ਗੁਰੂ ਅਤੇ ਬਾਕੀ ਗੁਰੂ ਸਾਹਿਬਾਨ ਨੂੰ ਸਿੱਖ ਗੁਰੂ ਕਰਕੇ ਵਰਣਨ ਕੀਤਾ ਹੈ।

- **ਸਤਿਗੁਰ ਨਾਨਕ ਦੇਉ ਆਪੁ ਉਪਾਇਆ॥ (ਵਾਰ ੨੦, ਪਉੜੀ ੧)**

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਨੇ ਆਪ ਧੁਰੋਂ ਨਿਵਾਜ ਕੇ ਉਪਾਇਆ ਭਾਵ ਸੰਸਾਰ ਵਿੱਚ ਭੇਜਿਆ ਪ੍ਰੰਤੂ:

- **ਗੁਰ ਅੰਗਦੁ ਗੁਰਸਿਖੁ ਬਬਾਣੇ ਆਇਆ॥ ਗੁਰਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ॥**
  ਰਾਮਦਾਸੁ ਗੁਰਸਿਖੁ ਗੁਰ ਸਦਵਾਇਆ॥ ਗੁਰੁ ਅਰਜਨੁ ਗੁਰਸਿਖੁ ਪਰਗਟੀ ਆਇਆ॥
  ਗੁਰਸਿਖੁ ਹਰਿਗੋਵਿੰਦੁ ਨ ਲੁਕੈ ਲੁਕਾਇਆ॥ (ਵਾਰ ੨੦, ਪਉੜੀ ੧)

੧੨. ਇਹ ਗੱਲ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਧਾਰੀ ਗੁਰੂ ਮੰਨਣ ਦੀ ਮਰਿਯਾਦਾ ਖ਼ਤਮ ਕਰਨ ਉਪਰੰਤ ਹੀ ਗੁਰਬਾਣੀ ਅਥਵਾ ਸ਼ਬਦ ਗੁਰੂ ਹੋਇਆ, ਸਗੋਂ ਜਿਹਾ ਕਿ ਅਸਾਂ ਉੱਪਰ ਵਾਚਿਆ ਹੈ, ਆਦਿ ਗੁਰੂ ਨਾਨਕ ਦੇਵ ਜੀ ਤੋਂ ਹੀ ਗੁਰਬਾਣੀ ਨੂੰ ਜੋ ਸਤਿਗੁਰਾਂ ਦੀ ਆਤਮਿਕ ਜੋਤਿ ਨਿਹਚਲ ਅਥਵਾ ਥਿਰ ਰਹਿਣ ਵਾਲੀ ਹੈ, ਗੁਰੂ ਦੀ ਪਦਵੀ ਤੇ ਸਤਿਕਾਰ ਪ੍ਰਾਪਤ ਹੈ। ਦੇਹਾਂ ਤਾਂ ਬਿਨਸਣਹਾਰ ਹਨ, ਬਣਦੀਆਂ ਤੇ ਬਿਨਸਦੀਆਂ ਰਹਿਣਗੀਆਂ, ਕੇਵਲ ਗੁਰੂ ਦਾ ਸ਼ਬਦ ਹੀ ਗੁਰੂ ਦੀ ਜੋਤਿ ਤੇ ਅਟੱਲ ਮੂਰਤਿ (ਸਰੂਪ) ਹੈ।

- **ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
  ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (੯੮੨)

- **ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (੬੩੫)**

- **ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥ (੧੩੦੯)**

੧੩. ਦਸਾਂ ਸਤਿਗੁਰਾਂ ਦਾ ਇਕ ਜੋਤਿ ਹੋ ਵਰਤਣਾ ਵੀ ਤਾਂਹੀ ਸਿਧ ਹੁੰਦਾ ਹੈ ਜੇ ''ਸ਼ਬਦ ਗੁਰੂ'' ਸਿਧਾਂਤ ਨੂੰ ਪ੍ਰਵਾਣਿਆ ਜਾਵੇ।

ਦਸੇ ਗੁਰੂ ਸਾਹਿਬਾਨ ਇਕ ਜੋਤਿ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਜਿਨ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਅੰਕਿਤ ਹੈ, ਉਨ੍ਹਾਂ ਨੇ ਵੀ ''ਨਾਨਕ'' ਨਾਮ ਦੀ ਮੋਹਰ ਛਾਪ ਦੀ ਹੀ ਵਰਤੋਂ ਕੀਤੀ ਹੈ। ਕੇਵਲ ਇਹ ਇੱਕ ਪ੍ਰਤੱਖ ਪ੍ਰਮਾਣ ਹੀ ਇਹ ਸਿੱਧ ਕਰਨ ਲਈ ਕਾਫ਼ੀ ਹੈ ਕਿ ਗੁਰੂ ਸਾਹਿਬਾਨ ਜੋਤਿ ਅਤੇ ਜੁਗਤੀ ਕਰਕੇ ਇਕਮਿਕ ਅਤੇ ਸ਼ਬਦ ਸਰੂਪ ਹਨ। ਫਿਰ ਵੀ ਇਸ ਅਤਿ ਅਹਿਮ ਨੁਕਤੇ ਦੀ ਪੁਸ਼ਟੀ ਲਈ ਕੁਝ ਹੋਰ ਪ੍ਰਮਾਣ ਗੁਰਬਾਣੀ ਵਿੱਚੋਂ ਦੇਣ ਯੋਗ ਸਮਝੇ ਜਾਂਦੇ ਹਨ:

- ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ (੬੪੬)

- ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ॥ (੯੦੭)

- ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (੯੬੬)

- ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥ ਗੁਰੁ ਡਿਠਾ ਤਾਂ ਮਨੁ ਸਾਧਾਰਿਆ॥ (੯੬੮)

- ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
  ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥
  ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥ (੧੪੦੮)

- ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚਰੁ ਇਹ ਜਗ ਮੋ ਕਰਾ॥
  ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥
  ਜਬ ਬਰਦਾਨ ਸਮੈ ਵਹੁ ਆਵਾ॥ ਰਾਮਦਾਸ ਤਬ ਗੁਰੂ ਕਹਾਵਾ॥
  ਤਿਹ ਬਰਦਾਨ ਪੁਰਾਤਨ ਦੀਆ॥ ਅਮਰਦਾਸ ਸੁਰਪੁਰਿ ਮਗੁ ਲੀਆ॥
  ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥
  ਅਮਰਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ॥
  ਭਿੰਨ ਭਿੰਨ ਸਭਹੂੰ ਕਰ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥
  ਜਿਨ ਜਾਨਾ ਤਿਨ ਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥਿ ਨ ਆਈ॥ (ਬਚਿਤ੍ਰ ਨਾਟਕ ਅਧਿਆਇ ੫)

- ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ॥
  ਕਾਇਆ ਪਲਟਿ ਸਰੂਪੁ ਬਣਾਇਆ॥ (ਭਾ: ਗੁਰਦਾਸ ਵਾਰ ੧, ਪਉੜੀ ੪੫)

ਕੱਚੇ, ਅੰਨ੍ਹੇ ਅਤੇ ਦੰਭੀ ਗੁਰੂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿੱਥੇ ਪੂਰਨ ਗੁਰੂ, ਸਤਿਗੁਰੂ ਜਾਂ ਕਾਮਲ ਮੁਰਸ਼ਦ ਨੂੰ ਇਤਨਾ ਵਡਿਆਇਆ ਤੇ ਰੱਬ ਦਾ ਰੂਪ ਕਰਕੇ ਦਰਸਾਇਆ ਹੈ, ਉਥੇ ਅਗਿਆਨੀ, ਸਵਾਰਥੀ, ਦੰਭੀ, ਪਾਖੰਡੀ ਤੇ ਕੱਚੇ ਗੁਰੂਆਂ ਦੀ ਰੱਜ ਕੇ ਨਿਖੇਧੀ ਵੀ ਕੀਤੀ ਗਈ ਹੈ, ਤਾਂ ਜੋ ਜਗਿਆਸੂ ਉਨ੍ਹਾਂ ਦੇ ਝਾਂਸੇ ਵਿੱਚ ਨਾ ਆਵੇ। ਕੁਝ ਗੁਰਬਾਣੀ ਪ੍ਰਮਾਣ ਇਸ ਸੰਬੰਧ ਵਿੱਚ ਵੀ ਵਰਣਨ ਯੋਗ ਹਨ:

- ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
  ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥ (੧੩੯)

- ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥ (੯੫੪)

– ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥ (੫੮)

– ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ॥ (੧੪੦)

– ਅੰਧੇ ਗੁਰੂ ਤੇ ਭਰਮੁ ਨ ਜਾਈ॥ ਮੂਲੁ ਛੋਡਿ ਲਾਗੇ ਦੂਜੈ ਭਾਈ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ॥ (੨੩੨)

– ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ॥
ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ॥ (੩੦੬)

– ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ॥ (੪੯੧)

– ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥ (੭੬੭)

– ਕੇਤੇ ਗੁਰ ਚੇਲੇ ਫੁਨਿ ਹੂਆ॥ ਕਾਚੇ ਗੁਰ ਤੇ ਮੁਕਤਿ ਨ ਹੂਆ॥ (੯੩੨)

– ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥ (੯੫੧)

– ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ॥ ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ॥ (੧੧੦੧)

– ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥
ਆਪ ਡੂਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ (੧੩੬੯)

ਸਿੱਟਾ

ਉਪਰੋਕਤ ਸਾਰੀ ਵਿਚਾਰ ਦਾ ਸੰਖੇਪ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿਸ ਗੁਰੂ ਦਾ ਸੰਕਲਪ ਕੀਤਾ ਗਿਆ ਹੈ ਉਹ ਇੰਜ ਹੈ:

੧. ਰੱਬੀ ਗੁਣਾਂ ਦਾ ਧਾਰਨੀ ਹੋਣ ਕਰਕੇ ਰੱਬ ਦਾ ਰੂਪ ਹੈ। ਉਹ ਇੱਕ ਐਸੇ ਪੁੱਲ ਸਮਾਨ ਹੈ ਜਿਸ ਦਾ ਇੱਕ ਹਿੱਸਾ ਰੱਬ ਨਾਲ ਛੋਂਹਦਾ ਹੈ ਤੇ ਦੂਜਾ ਦੁਨੀਆਂ ਦੀ ਮਖਲੂਕ ਨਾਲ।

੨. ਗੁਰੂ ਦਾ ਸ਼ਬਦ ਅਥਵਾ ਗੁਰਬਾਣੀ ਗੁਰੂ ਦੀ ਜੋਤਿ ਹੈ, ਗੁਰੂ ਹੈ।

੩. ਗੁਰਸਿੱਖ ਨੇ ਪੁਰਸ਼ਾਰਥ ਕਰਨਾ ਹੈ ਪ੍ਰੰਤੂ ਪ੍ਰਭੂ ਦੀ ਲੱਖਤਾ "ਗੁਰ ਪ੍ਰਸਾਦਿ" ਦੁਆਰਾ ਹੀ ਹੋਣੀ ਹੈ। ਜੇ ਗੁਰੂ ਕ੍ਰਿਪਾ ਵਿੱਚੋਂ ਕੱਢ ਦੇਈਏ ਤਾਂ ਹਉਮੈ ਗ੍ਰਸਤ ਹੋ ਜਾਵਾਂਗੇ।

੪. ਗੁਰੂ ਸ਼ਰਨਯੋਗ ਹੈ। ਸਿੱਖ ਨੇ ਤਨੋ ਮਨੋ ਪੂਰਨ ਗੁਰੂ ਦੀ ਸ਼ਰਨ ਲੈਣੀ ਹੈ ਤੇ ਮਾਨ ਰਹਿਤ ਹੋ ਕੇ ਸੇਵਕ ਅਤੇ ਹੁਕਮੀ ਬੰਦਾ ਬਣਨਾ ਹੈ।

੫. ਗੁਰੂ ਨੇ ਸ਼ਬਦ, ਬਾਣੀ ਤਥਾ ਸੱਚੇ ਉਪਦੇਸ਼ ਦੀ ਟਕਸਾਲ ਵਿੱਚ ਸਿੱਖ ਦਾ ਜੀਵਨ ਘੜਨਾ ਹੈ। ਆਪਣੇ ਜੀਵਨ ਵਿੱਚ ਵਰਤਦੇ ਸੱਚ ਦੁਆਰਾ ਉਸਦੇ ਜੀਵਨ ਨੂੰ ਢਾਲਣਾ ਤੇ ਚਲਣ ਉਸਾਰੀ ਕਰਨੀ ਹੈ।

੬. ਸਦੀਵੀ ਸਤਿਕਾਰ ਸਦਾ ਗੁਣਾਂ ਅਥਵਾ ਤੱਤ ਵਸਤੂ ਦਾ ਹੁੰਦਾ ਹੈ, ਦੇਹ ਅਥਵਾ ਅਸਥੂਲ ਵਸਤੂ ਦਾ ਨਹੀਂ। ਦੇਹ ਤਾਂ ਸਭ ਦੀ ਇੱਕ ਸਮਾਨ ਪੰਜ ਤੱਤਾਂ ਦੀ ਬਣੀ ਹੋਣ ਕਰਕੇ ਬਿਨਸਣਹਾਰ ਹੈ। ਦੇਹ ਦਾ ਸਤਿਕਾਰ ਆਤਮਾ ਦੀ ਉੱਚਤਾ ਕਰਕੇ ਹੈ ਨਾ ਕਿ ਆਤਮਾ ਦੀ ਉੱਚਤਾ ਦਾ ਸਤਿਕਾਰ ਦੇਹ ਕਰਕੇ।

੭. ਦੇਹਧਾਰੀ ਗੁਰੂ ਵੀ ਤਾਂ ਆਖਿਰ ਦੂਰ ਦੁਰਾਡੇ, ਦੇਸ਼ਾਂ ਪ੍ਰਦੇਸ਼ਾਂ ਵਿੱਚ ਬੈਠੇ ਆਪਣੇ ਸਿੱਖਾਂ ਸੇਵਕਾਂ ਨੂੰ ਅੱਖਰਾਂ ਦੁਆਰਾ (ਲਿਖ ਕੇ ਜਾਂ ਬੋਲ ਕੇ) ਹੀ ਉਪਦੇਸ਼ ਦਿੰਦਾ ਹੈ ਤੇ ਉਨ੍ਹਾਂ ਨਾਲ ਸੰਪਰਕ ਰੱਖਦਾ ਹੈ। ਗੱਲ ਆਖਿਰ "ਬਾਣੀ" ਉੱਤੇ ਆ ਕੇ ਨਿਬੜਦੀ ਹੈ। ਵੇਖਣਾ ਇਹ ਹੈ ਕਿ ਉਹ ਬਾਣੀ ਅਰਸ਼ੀ (ਸੱਚੀ) ਹੈ ਜਾਂ ਫਰਸ਼ੀ (ਕੱਚੀ)।

- ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ॥ ਗੁਰ ਪਰਸਾਦਿ ਕਿਨੈ ਵਿਰਲੈ ਜਾਣੀ॥ (੧੦੩)

੮. ਗੁਰਬਾਣੀ ਪੁੱਗੇ ਹੋਏ ਮਹਾਂਪੁਰਖਾਂ ਦੇ ਅਨੁਭਵ ਤੇ ਤਜ਼ਰਬਿਆਂ ਦਾ ਤੱਤ ਹੈ, ਦੇਹਧਾਰੀਆਂ ਦੀ ਜੀਵਨ ਨੱਈਆ ਕਦੇ ਵੀ ਡੋਲ ਤੇ ਡਗਮਗਾ ਸਕਦੀ ਹੈ:

- ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥ (੧੩੬੬)

੯. ਗੁਰਬਾਣੀ ਵਿੱਚ ਜਿਸ ਦੀਪਕ ਗੁਰੂ ਦਾ ਸੰਕਲਪ ਹੈ ਉਹ ਦਾਤਾ ਹੈ, ਸ਼ਾਂਤੀ ਦਾ ਘਰ ਹੈ, ਪ੍ਰਕਾਸ਼ ਦਾ ਅਮੁੱਕ ਸੋਮਾ ਹੈ, ਗੁਣ ਨਿਧਾਨ ਹੈ। ਉਸਦੇ ਦਰੋਂ ਘਰੋਂ ਹੀ ਸੇਵਕ ਨਿਹਾਲ ਹੋ ਸਕਦਾ ਹੈ। ਦੀਪਕ ਤੋਂ ਦੀਪਕ ਤਾਂ ਜਗਦੇ ਆਏ ਹਨ ਪ੍ਰੰਤੂ ਬੁਝਿਆਂ ਦੀਪਕਾਂ ਤੋਂ ਕਦਾਚਿਤ ਇੰਜ ਨਹੀਂ ਹੋਇਆ।

੧੦. ਗੁਰਬਾਣੀ ਦੇ ਰਚਨਹਾਰ ਗੁਰੂ ਹਨ ਨਾ ਕਿ ਉਸਦੇ ਅਰਥ ਤੇ ਵਿਆਖਿਆ ਕਰਨ ਵਾਲੇ। ਕਿਸੇ ਦੀ ਚਿੱਠੀ ਵਾਚਣ ਵਾਲਾ ਚਿੱਠੀ ਲਿਖਣ ਵਾਲੇ ਦੀ ਥਾਂ ਨਹੀਂ ਲੈ ਸਕਦਾ।

੧੧. ਦਸ ਗੁਰੂ ਇੱਕ ਜੋਤਿ ਹੋਣ ਦਾ ਸਿਧਾਂਤ ਵੀ ਤਦ ਠੀਕ ਹੈ ਜੇ ਸ਼ਬਦ ਨੂੰ ਗੁਰੂ ਮੰਨਿਆ ਜਾਵੇ। ਸਤਿਗੁਰਾਂ ਦੀਆਂ ਦੇਹਾਂ ਵੱਖ ਵੱਖ ਸਨ ਪ੍ਰੰਤੂ ਉਨ੍ਹਾਂ ਰਾਹੀਂ ਪ੍ਰਗਟ ਹੋਈ ਸਚਾਈ "ਬਾਣੀ" (ਜੋਤਿ ਤੇ ਜੁਗਤਿ) ਤਾਂ ਸਦਾ ਇੱਕ ਹੈ।

੧੨. ਗੁਰਸਿੱਖ, ਗੁਰੂ ਦੇ ਦੱਸੇ ਰਾਹ ਉਤੇ ਤੁਰ ਕੇ ਉਸਦੇ "ਪ੍ਰਸਾਦਿ" (ਕਿਰਪਾ) ਨਾਲ ਮੰਜ਼ਿਲ ਤੇ ਪਹੁੰਚਦਾ ਹੈ। ਇਸ ਲਈ ਉਹ ਗੁਰੂ ਦੀ ਬਰਾਬਰੀ ਨਹੀਂ ਕਰ ਸਕਦਾ। ਹਾਂ ਉਹ ਬਾਬਾ ਬੁੱਢਾ ਜੀ, ਭਾਈ ਗੁਰਦਾਸ ਆਦਿ ਅਨਿੰਨ ਗੁਰਸਿੱਖਾਂ ਸਮਾਨ ਦੂਜੇ ਸਿੱਖਾਂ ਨੂੰ ਗੁਰੂ ਦਾ ਉਪਦੇਸ਼ ਦੇ ਸਕਦਾ ਹੈ।

ਸੋ ਸੱਚ ਦੇ ਮੁਤਲਾਸ਼ੀ ਨੇ ਅਮੋਲਕ ਅਤੇ ਦੁਰਲੱਭ ਜੀਵਨ ਦੀ ਬਾਜ਼ੀ ਸੋਚ ਸਮਝ ਕੇ ਖੇਡਣੀ ਹੈ। ਸੱਚ ਦੇ ਭੁਲੇਖੇ ਕੱਚ ਨਹੀਂ ਵਿਹਾਝਣਾ, ਪੂਰਨ ਗੁਰੂ ਦੀ ਚੋਣ ਵਿੱਚ ਗੁਰਬਾਣੀ ਨੂੰ ਕਸਵੱਟੀ ਬਣਾਉਣਾ ਹੈ।